بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 01.05.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 01 ਮਈ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਰੱਬੁਲ ਆਲਮੀਨ ਦਾ ਮਜ਼ਹਰ ਬਣਨ ਲਈ ਜ਼ਰੂਰੀ ਹੈ ਕਿ ਤੁਸੀਂ ਆਪਣੇ ਹੱਥੀਂ ਕੰਮ ਕਰੋ ਅਤੇ ਗ਼ਰੀਬਾਂ ਦੀ ਸੇਵਾ ਲਈ ਤਿਆਰ ਬਰ ਤਿਆਰ ਰਹੋ । ਨ ਕੇਵਲ ਆਪਣਿਆਂ ਸਗੋਂ ਗ਼ੈਰਾਂ ਦੀ ਵੀ ਸੇਵਾ ਕਰਨ ਦੇ ਜਤਨ ਕਰੋ, ਇਸ ਦੇ ਬਹੁਤ ਮਹਾਨ ਤੇ ਵਿਸ਼ਾਲ ਸਿੱਟੇ ਹਨ ਜੋ ਆਪੋ ਵਿੱਚ ਮਜ਼ਬੂਤੀ ਨਾਲ ਜੋੜਦੇ ਹਨ । ਇਕ ਦੂਜੇ ਦੀ ਸੇਵਾ ਕਰਨ ਨਾਲ ਅਤੇ ਸਮਾਜ ਦਾ ਹਰ ਹਿਸੱਾ ਇਸ ਉਪੱਰ ਅਮਲ ਕਰੇ ਤਾਂ ਇਕ ਖ਼ੁਸ਼ਗਵਾਰ ਮਹੌਲ ਬਣ ਜਾਂਦਾ ਹੈ ।

ਤਸ਼ਹੁੱਦ, ਤਊਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਮੁਸਲਿਹ ਮਊਦ ਰਜ਼ੀ ਅਲਾਹ ਅਨਹੁ ਜੱਦ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਜੀਵਨ ਚਰਿਤ੍ਰ ਦੀਆਂ ਗਲੱਾਂ ਸੁਣਾਉਂਦੇ ਤਾਂ ਬਹੁਤ ਹੀ ਬਰੀਕੀ ਤੇ ਸੂਖਮਤਾ ਨਾਲ ਉਸ ਵਿੱਚੋਂ ਉਹ ਸਿੱਟੇ ਕੱਢਿਆ ਕਰਦੇ ਹਨ ਜੋ ਕਿ ਮੋਮਨ ਨੂੰ ਈਮਾਨ ਦੇ ਸਹੀ ਮਾਰਗਾਂ ਵੱਲ ਸੰਕੇਤ ਕਰਕੇ ਉਸ ਨੂੰ ਰੱਬ ਅਤੇ ਧਰਮ ਦੀ ਵਾਸਤਵਿਕ ਸ਼ਨਾਖ਼ਤ ਕਰਨ ਵਾਲਾ ਅਤੇ ਉਸ ਨੂੰ ਆਪਣੇ ਉਪੱਰ ਲਾਗੂ ਕਰਨ ਵਾਲਾ ਬਣਾਏ । ਇਕ ਵਾਰ ਆਪ ਆਪਣੇ ਭਾਸ਼ਣ ਵਿੱਚ 'ਆਇਤੁਲ ਕੁਰਸੀ' ਦੀ ਵਿਆਖਿਆ ਫ਼ਰਮਾ ਰਹੇ ਸਨ ਕਿ ਉਸ ਦੇ ਇਸ ਹਿੱਸੇ ਕਿ (لَهٗ مَا فِي السَّمٰوٰتِ وَمَا فِي الْاَرْضِ ؕ مَنْ ذَا الَّذِيْ يَشْفَعُ عِنْدَهٗٓ اِلَّا بِاِذْنِهٖ ؕ) "ਲਹੂ ਮਾ ਫ਼ਿੱਸਮਾਵਾਤਿ ਵਮਾ ਫ਼ਿਲ ਅਰਜ਼ਿ, ਮਨ ਜ਼ਲੱਜ਼ੀ ਯਸ਼ਫ਼ਾਉ ਇੰਦਾਹੂ ਇਲੱਾ ਬਿਇਜ਼ਨਿਹੀ" ਦੀ ਵਿਆਖਿਆ ਵਿੱਚ ਫ਼ਰਮਾਉਂਦੇ ਹਨ ਕਿ ਅਲੱਾਹ ਫ਼ਰਮਾਉਂਦਾ ਹੈ ਕਿ ਹੁਣ ਦੱਸੋ ਕਿ ਜੱਦ ਤੁਹਾਡਾ ਰੱਬ ਅਜਿਹਾ ਹੈ ਕਿ ਜੋ ਕੁਝ ਅਕਾਸ਼ਾਂ ਤੇ ਧਰਤੀ ਵਿੱਚ ਹੈ ਸਭ ਕੁਝ ਉਸੇ ਦਾ ਹੈ ਤਾਂ ਉਸ ਦੇ ਮੁਕਾਬਲੇ ਵਿੱਚ ਤੁਸੀਂ ਕਿਸੇ ਹੋਰ ਨੂੰ ਕਿਵੇਂ ਆਪਣਾ ਰੱਬ ਬਣਾ ਸਕਦੇ ਹੋ । ਲੋਕ ਕਹਿੰਦੇ ਹਨ ਕਿ ਅਸੀਂ ਰੱਬ ਤੋਂ ਬਿਨਾ ਕਿਸੇ ਨੂੰ ਨਹੀਂ ਪੂਜਦੇ ਅਤੇ ਰੱਬ ਤੋਂ ਬਿਨਾ ਕਿਸੇ ਦੀ ਇਬਾਦਤ ਨਹੀਂ ਕਰਦੇ । ਹਾਂ, ਉਹਨਾਂ ਦੀਆਂ ਨਿਆਜ਼ਾਂ ਦਿੰਦੇ ਹਾਂ, ਅਤੇ ਉਹਨਾਂ ਤੋਂ ਮੁਰਾਦਾਂ ਮੰਗਦੇ ਹਾਂ ਕਿ ਉਹ ਰੱਬ ਦੀ ਨੇੜਤਾ ਰੱਖਣ ਵਾਲੇ ਹਨ ਅਤੇ ਉਹ ਸਾਡੀ ਸਫ਼ਾਰਸ਼ ਰੱਬ ਦੀ ਹਜ਼ੂਰੀ ਵਿਚ ਕਰਨਗੇ । ਆਪ ਫ਼ਰਮਾਉਂਦੇ ਹਨ ਕਿ ਰੱਬ ਫ਼ਰਮਾਉਂਦਾ ਹੈ ਕਿ ਮੇਰੀ ਆਗਿਆ ਤੋਂ ਬਿਨਾਂ ਕੋਈ ਸਫ਼ਾਰਸ਼ ਨਹੀਂ ਕਰ ਸਕਦਾ । ਇਸ ਜੁੱਗ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਲਨਾਮ ਤੋਂ ਵੱਧ ਕੇ ਕਿਸ ਨੇ ਵਡੱਾ ਮਨੁੱਖ ਹੋਣਾ ਸੀ, ਪਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਕ ਵਾਰ ਜੱਦ ਨਵਾਬ ਮੁਹਮੱਦ ਅਲੀ ਸਾਹਬ ਦੇ ਲੜਕੇ ਅਬਦੁਰ ਰਹੀਮ ਖ਼ਾਨ ਲਈ ਜੱਦ ਕਿ ਉਹ ਬਿਮਾਰ ਸੀ ਦੁਆ ਕੀਤੀ ਤਾਂ ਇਲਹਾਮ ਹੋਇਆ ਕਿ ਇਹ ਬਚਦਾ ਨਹੀਂ । ਆਪ ਨੂੰ ਵਿਚਾਰ ਆਇਆ ਕਿ ਨਵਾਬ ਸਾਹਬ ਆਪਣਾ ਸਭ ਕੁਝ ਛੱਡ ਕੇ ਕਾਦੀਆਂ ਆ ਰਹੇ ਹਨ । ਉਹਨਾਂ ਦਾ ਲੜਕਾ ਫ਼ੌਤ ਹੋ ਗਿਆ ਤਾਂ ਉਹਨਾਂ ਨੂੰ ਮੁਸੀਬਤ ਨ ਆ ਜਾਵੇ, ਇਸ ਲਈ ਆਪ ਨੇ ਰੱਬ ਦੀ ਹਜ਼ੂਰੀ ਵਿੱਚ ਬਿਨਤੀ ਕੀਤ ਕਿ ਇਲਾਹੀ ਮੈਂ ਇਸ ਲੜਕੇ ਦੀ

ਸਿਹਤ ਲਈ ਸਫ਼ਾਰਸ਼ ਕਰਦਾ ਹਾਂ, ਤਾਂ ਇਲਹਾਮ ਹੋਇਆ ਕਿ ( مَنْ ذَا الَّذِىْ يَشْفَعُ عِنْدَهٗٓ اِلَّا بِاِذْنِهٖ ) ਮਨ ਜ਼ਲੱਜ਼ੀ ਯਸ਼ਫ਼ਾਉ ਇੰਦਾਹੂ ਇਲੱਾ ਬਿ ਇਜ਼ਨਿਹੀ'' ਕਿ ਤੁਸੀਂ ਕੌਣ ਹੋ ਕਿ ਮੇਰੀ ਆਗਿਆ ਤੋਂ ਬਿਨਾਂ ਸ਼ਫ਼ਾਰਸ਼ ਕਰਦੇ ਹੋ । ਦੇਖੋ ਮਸੀਹ ਮਊਦ ਕਿੰਨ੍ਹਾ ਵਡੱਾ ਮਹਾਪੁਰਖ ਸੀ, ਤੇਰ੍ਹਾਂ ਸੌ ਸਾਲ ਤੋਂ ਇਸ ਦੁਨੀਆ ਨੂੰ ਜਿਸਦੀ ਉਡੀਕ ਸੀ ਜੱਦ ਸਫ਼ਾਰਸ਼ ਕਰਦਾ ਹੈ ਤਾਂ ਰੱਬ ਅਲੱਾਹ ਫ਼ਰਮਾਉਂਦਾ ਹੈ ਕਿ ਤੁਸੀਂ ਹੁੰਦੇ ਕੌਣ ਹੋ ਕਿ ਬਿਨਾ ਆਗਿਆ ਸ਼ਫ਼ਾਰਸ਼ ਕਰੋ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੱਦ ਮੈਂਨੂੰ ਇਹ ਇਲਹਾਮ ਹੋਇਆ ਤਾਂ ਮੈਂ ਡਿੱਗ ਪਿਆ ਅਤੇ ਸ਼ਰੀਰ ਕੰਬਣ ਲੱਗਾ ਇਉਂ ਲੱਗਿਆ ਜਿਉਂ ਜਾਨ ਨਿਕਲ ਜਾਂਦੀ ਹੈ ਪਰ ਜੱਦ ਇਹ ਹਾਲਤ ਹੋਈ ਤਾਂ ਅਲੱਾਹ ਨੇ ਫ਼ਰਮਾਇਆ ਕਿ ਚੰਗਾ ਅਸੀਂ ਸਫ਼ਾਰਸ਼ ਦੀ ਆਗਿਆ ਦੇ ਦਿੰਦੇ ਹਾਂ । ਸਫ਼ਾਰਸ਼ ਕਰੋ, ਸੋ, ਆਪ ਨੇ ਸਫ਼ਾਰਸ਼ ਕੀਤੀ ਅਤੇ ਅਬਦੁਰ ਰਹਹੀਮ ਖ਼ਾਨ ਚੰਗੇ ਹੋ ਗਏ । ਇਹ ਰੱਬ ਦੀ ਮਿਹਰ ਸੀ ਪਰ ਇਹ ਦੁਆ ਕੁਬੂਲ ਹੋਈ । ਸਫ਼ਾਰਸ਼ ਦੀ ਆਗਿਆ ਮਿਲੀ । ਪਰ ਮਸੀਹ ਮਊਦ ਜਿਹੇ ਮਹਾਪੁਰਖ ਨੂੰ ਜੱਦ ਰੱਬ ਕਹਿੰਦਾ ਹੈ ਕਿ ਤੁਸੀਂ ਕੌਣ ਹੋ ਜੋ ਸਫ਼ਾਰਸ਼ ਕਰੋ ਅਤੇ ਜੋ ਲੋਕ ਵੱਡੇ ਬਣੇ ਫਿਰਦੇ ਹਨ ਉਹਨਾਂ ਦੀ ਕੀ ਹੈਸੀਯਤ ਕਿ ਕਿਸੇ ਦੀ ਸਫ਼ਾਰਸ ਕਰ ਸਕਣ । ਸੋ, ਹਰ ਅਹਮਦੀ ਨੂੰ ਇਸ ਗੱਲ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਅਲੱਾਹ ਤਆਲਾ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ ਵੀ ਇਹੋ ਫ਼ਰਮਾਇਆ ਹੈ ਕਿ ਜੱਦ ਹੁਕਮ ਹੋਵੇਗਾ ਉਸੇ ਦੀ ਸਫ਼ਾਰਸ਼ ਹੋਵੇਗੀ ।

ਫਿਰ ਅਲੱਾਹ ਤਆਲਾ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਕਿਵੇਂ ਆਪਣੀ ਕੁਦਰਤ ਦੇ ਅਜੂਬੇ ਦਿਖਾਇਆ ਕਰਦਾ ਸੀ ਉਸ ਦੀ ਇਕ ਉਧਾਰਣ ਦਿੰਦਿਆਂ ਹੋਇਆਂ ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਇਕ ਵਾਰ ਆਪ ਨੂੰ ਖਾਂਸੀ ਦੀ ਸ਼ਿਕਾਇਤ ਹੋ ਗਈ ਸੀ । ਮੇਰੇ ਸੁਪੁਰਦ ਆਪ ਦੀ ਦਵਾਈ ਆਦਿ ਪਿਆਉਣ ਦੀ ਜ਼ਿੰਮੇਦਾਰੀ ਸੀ, ਸਲਾਹ ਦੇ ਤੌਰ'ਤੇ ਅਰਜ਼ ਵੀ ਕਰ ਦਿਆ ਕਰਦਾ ਸੀ ਕਿ ਇਹ ਨ ਖਾਓ ਉਹ ਨ ਖਾਓ । ਹਜ਼ਰਤ ਖ਼ਲੀਫ਼ਾ ਅਵੱਲ ਰਜ਼ੀ ਅਲੱਾਹ ਅਨਹੁ ਦੇ ਤਿਆਰ ਕੀਤੇ ਨੁਸਖ਼ੇ ਵੀ ਵਰਤਦੇ ਸਨ ਅਤੇ ਅੰਗ੍ਰੇਜ਼ੀ ਦਵਾਈਆਂ ਵੀ, ਪਰ ਖੰਘ ਵਧੱਦੀ ਜਾਂਦੀ ਸੀ । ਇਹ 1907 ਈ. ਦੀ ਗੱਲ ਹੈ ਅਤੇ ਅਬਦੁਲ ਹਕੀਮ ਮੁਰਤਦ (ਧਰਮ ਤੋਂ ਫਿਰੇ) ਨੇ ਆਪ ਦੀ ਖਾਂਸੀ ਦੇ ਕਸ਼ਟ ਨੂੰ ਦੇਖਕੇ ਲਿੱਖਿਆ ਸੀ ਕਿ ਮਿਰਜ਼ਾ ਸਾਹਬ ਸਿਲ (ਟੀਬੀ) ਦੀ ਬਿਮਾਰੀ ਨਾਲ ਫ਼ੌਤ ਹੋਣਗੇ ਇਸ ਲਈ ਸਾਨੂੰ ਇਹ ਵੀ ਕੁਝ ਵਿਚਾਰ ਜਿਹਾ ਸੀ ਸੀ ਐਵੇਂ ਹੀ ਕਿਸੇ ਨੂੰ ਗ਼ਲਤ ਢੰਗ ਨਾਲ ਕੋਈ ਖੁਸ਼ੀ ਦਾ ਮੌਕਾ ਨ ਮਿਲ ਸਕੇ ਪਰ ਆਪ ਦੀ ਖਾਂਸੀ ਦਾ ਕਸ਼ਟ ਬਹੁਤ ਅਧਿਕ ਸੀ । ਅਜਿਹੀ ਅਵਸਥਾ ਵਿੱਚ ਕੋਈ ਸਜੱਣ ਬਾਹਰੋਂ ਆਏ ਅਤੇ ਤੋਹਫ਼ੇ ਵਿੱਚ ਕੁਝ ਫੱਲ ਲੈਕੇ ਆਏ ਮੈਂ ਉਹ ਹਜ਼ੂਰ ਦੇ ਸਾਹਮਣੇ ਰੱਖੇ । ਆਪ ਨੇ ਕੋਈ ਚੀਜ਼ ਸੰਭਤਾ ਕੇਲਾ ਸੀ ਚੁੱਕਿਆ । ਹਜ਼ਰਤ ਮੁਸਲਿਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕਿਉਂਕਿ ਮੈਂ ਦਵਾਈ ਆਦਿ ਪਿਆਇਆ ਕਰਦਾ ਸੀ ਇਸ ਲਈ ਸ਼ਾਇਦ ਮੈਂਨੂੰ ਪਾਠ ਦੇਣ ਲਈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਹ ਖਾਂਸੀ ਲਈ ਕਿਹੋ ਜਿਹਾ ਹੁੰਦਾ ਹੈ, ਮੈਂ ਕਿਹਾ ਚੰਗਾ ਤਾਂ ਨਹੀਂ ਹੁੰਦਾ, ਪਰ ਆਪ ਮੁਸਕਰਾ ਪਏ ਅਤੇ ਛਿੱਲ ਕੇ ਖਾਣ ਲੱਗ ਪਏ । ਮੈਂ ਫਿਰ ਬਿਨਤੀ ਕੀਤੀ ਕਿ ਖੰਘ ਬਹੁਤ ਹੈ ਅਤੇ ਇਹ ਚੀਜ ਖਾਣ ਵਿੱਚ ਚੰਗੀ ਨਹੀਂ । ਆਪ ਫਿਰ ਮੁਸਕਰਾਏ ਅਤੇ ਖਾਂਦੇ ਰਹੇ । ਮੈਂ ਫਿਰ ਆਪਣੀ ਨਾਦਾਨੀ ਵਿੱਚ ਹੱਠ ਕੀਤਾ ਕਿ ਨਹੀਂ ਖਾਣਾ ਚਾਹੀਦਾ, ਇਸ'ਤੇ ਆਪ ਫਿਰ ਮੁਸਕਰਾਏ ਅਤੇ ਫ਼ਰਮਾਇਆ ਮੈਂਨੂੰ ਹੁਣੇ ਹੀ ਇਲਹਾਮ ਹੋਇਆ ਹੈ ਕਿ ''ਖਾਂਸੀ ਦੂਰ ਹੋ ਗਈ'' ਸੋ, ਖੰਘ ਉਸੇ ਸਮੇਂ ਜਾਂਦੀ ਰਹੀ ਜੱਦ ਕਿ ਉਸ ਸਮੇਂ ਨ ਕੋਈ ਦਵਾਈ ਵਰਤੀ ਗਈ ਨ ਕੋਈ ਪਰਹੇਜ਼ ਕੀਤਾ ਗਿਆ ਸਗੋਂ ਬਦਪਰਹੇਜ਼ੀ ਕੀਤੀ ਅਤੇ ਖੰਘ ਵੀ ਦੂਰ ਹੋ ਗਈ । ਜੱਦ ਕਿ ਇਸ ਤੋਂ ਪਹਿਲਾਂ ਇਕ ਮਹੀਨੇ ਤੋਂ ਇਲਾਜ ਹੋ ਰਿਹਾ ਸੀ ਅਤੇ ਖੰਘ ਦੂਰ ਨਹੀਂ ਹੋਈ ਸੀ । ਇਹ ਇਲਾਹੀ ਅਧਿਆਤਮ ਸੀ ।

ਹਜ਼ਰਤ ਮੁਸਲਿਹ ਮਊਦ ਰਜ਼ੀ ਅਲਾਹ ਅਨਹੁ ਨੇ ਇਸ ਘਟਨਾ ਦੀ ਓਧਾਰਣ ਦੇ ਬਾਦ ਇਕ ਉਧਾਰਣ ਦਿੱਤੀ ਜੋ ਇਮਾਨ ਨੂੰ ਤਾਜ਼ਾ ਕਰਦੀ ਹੈ ਜੋ ਲੇਖਰਾਮ ਨਾਲ ਸੰਬੰਧ ਰਖੱਦੀ ਹੈ ਕਿ ਲੇਖਰਾਮ ਦੀ ਘਟਨਾ ਵੀ ਇਸ ਕੰਮ ਦੀ ਉਧਾਰਣ ਵਿੱਚ ਪੇਸ਼ ਕੀਤੀ ਜਾ ਸਕਦੀ ਹੈ ਕਿ ਜੱਦ ਰੱਬ ਚਾਹੇ ਤਾਂ ਸਵਾਸਥ ਦੇ ਸਾਰੇ ਸਾਧਨ ਹੁੰਦਿਆਂ ਹੋਇਆਂ ਵੀ ਰੋਗ ਪੈਦਾ ਹੋ ਜਾਂਦੇ ਹਨ ।

ਹੁਣ ਲੇਖਰਾਮ ਦੇ ਮਾਮਲੇ ਵਿੱਚ ਰੱਬ ਨੇ ਇਹ ਫ਼ਰਮਾ ਦਿੱਤਾ ਸੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਇਹ ਇਲਹਾਮ ਹੋਇਆ ਸੀ ਕਿ ਈਦ ਦੇ ਦੂਜੇ ਦਿਨ ਉਸ ਦੀ ਮੌਤ ਹੋਵੇਗੀ । ਜੱਦ ਕਿ ਜ਼ਾਹਿਰੀ ਸਾਧਨ ਇਸ ਦੇ ਵਿਰੁੱਧ ਸਨ । 6 ਮਾਰਚ ਨੂੰ ਉਸ ਦੀ ਮੌਤ ਮੁਕਦੱਰ ਸੀ । ਫਿਰ ਵੀ ਬਾਹਰ ਰਹਿਣ ਦਾ ਅਵਸਰ ਬਣ ਗਿਆ ਅਤੇ ਉਹ ਲਾਹੌਰ ਪਹੁੰਚ ਗਿਆ ਅਤੇ ਨਿਰਧਾਰਤ ਸਮੇਂ'ਤੇ ਕਤਲ ਵੀ ਹੋ ਗਿਆ । ਇਹ ਉਧਾਰਣ ਇਸ ਗੱਲ ਦੀ ਹੈ ਕਿ ਸਿਹਤ ਅਤੇ ਸੁਰੱਖਿਆ ਦੇ ਸਾਧਨਾ ਦੇ ਹੁੰਦਿਆਂ ਹੋਇਆ ਵੀ ਮਨੁੱਖ ਹਲਾਕ ਹੋ ਸਕਦਾ ਹੈ । ਸੋ, ਰੱਬ ਮਨੁੱਖ ਦੇ ਕੰਮਾ ਵਿੱਚ ਦਖ਼ਲ ਦਿੰਦਾ ਹੈ ਅਤੇ ਜੱਦ ਚਾਹੇ ਤੇ ਜਿਵੇਂ ਚਾਹੇ ਆਪਣੀ ਕੁਦਰਤ ਦਿਖਾਉਂਦਾ ਹੈ । ਸਾਹਿਬਜ਼ਾਦਾ ਮਿਰਜ਼ਾ ਮੁਬਾਰਕ ਅਹਮਦ ਸਾਹਬ ਦੀ ਚਰਚਾ ਹੋਈ । ਇਸ ਚਰਚਾ ਵਿੱਚ ਹਜ਼ਰਤ ਮੁਸਲਿਹ ਮਊਦ ਇਕ ਘਟਨਾ ਇਉਂ ਸੁਣਾਉਂਦੇ ਹਨ ਕਿ ਸਾਡਾ ਇਕ ਛੋਟਾ ਭਾਈ ਸੀ ਜਿਸ ਦਾ ਨਾਂ ਮੁਬਾਰਕ ਅਹਮਦ ਸੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਬਹੁਤ ਹੀ ਪਿਆਰਾ ਸੀ । ਮੈਂਨੂੰ ਚੇਤੇ ਹੈ ਕਿ ਜੱਦ ਅਸੀਂ ਛੋਟੇ ਹੁੰਦੇ ਸੀ ਸਾਨੂੰ ਮੁਰਗੀਆ ਪਾਲਣ ਦਾ ਸ਼ੌਕ ਪੈਦਾ ਹੋਇਆ । ਸਵੇਰੇ ਹੀ ਸਵੇਰੇ ਅਸੀਂ ਜਾਂਦੇ ਅਤੇ ਮੁਰਗੀਆਂ ਦੇ ਡਰਬੇ ਖੋਲਦੇ ਆਂਡੇ ਗਿਣਦੇ ਅਤੇ ਫਿਰ ਫ਼ਖ਼ਰੀ ਤੌਰ'ਤੇ ਇਕ ਦੂਜੇ ਨਾਲ ਮੁਕਾਬਲਾ ਕਰਦੇ ਕਿ ਮੇਰੀ ਮੁਰਗ਼ੀਆਂ ਨੇ ਐਨੇ੍ਹ ਆਂਡੇ ਦਿੱਤੇ ਹਨ ਅਤੇ ਮੇਰੀ ਮੁਰਗ਼ੀਆਂ ਨੇ ਐਨੇ੍ਹ । ਸਾਡੇ ਇਸ ਸ਼ੌਕ ਵਿੱਚ ਮੁਬਾਰਕ ਅਹਮਦ ਵੀ ਸ਼ਾਮਲ ਹੋ ਜਾਂਦਾ । ਜੱਦ ਮੁਬਾਰਕ ਅਹਮਦ ਮਰਹੂਮ ਬਿਮਾਰ ਹੋਇਆ ਤਾਂ ਦਾਦੀ (ਸਿਆਲਕੋਟ ਵਿੱਚ ਇਕ ਇਸਤਰੀ ਉਹਨਾਂ ਦੀ ਦੇਖਰੇਖ ਲਈ ਨਿਯੁਕਤ ਸਨ ਜੋ ਦਾਦੀ ਕਹਾਉਂਦੀ ਸੀ) ਨੇ ਕਹਿ ਦਿੱਤਾ ਕਿ ਇਹ ਇਸ ਲਈ ਬਿਮਾਰ ਹੋਇਆ ਹੈ ਕਿ ਮੁਰਗ਼ੀਆਂ ਪਿੱਛੇ ਬਹੁਤ ਜਾਂਦਾ ਹੈ, ਓਥੇ ਰਹਿੰਦਾ ਹੈ ਹਮੇਸ਼ਾ ਗੰਦੀ ਥਾਂ ਹੈ । ਜੱਦ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਹ ਗੱਲ ਸੁਣੀ ਤਾਂ ਹਜ਼ਰਤ ਅੱਮਾਂ ਜਾਨ ਨੂੰ ਫ਼ਰਮਾਇਆ ਕਿ ਮੁਰਗ਼ੀਆਂ ਗਿਣ ਲਓ ਅਤੇ ਇਹਨਾਂ ਬੱਚਿਆਂ ਨੂੰ ਇਸ ਦਾ ਮੁੱਲ ਦੇ ਦਿੱਤਾ ਜਾਵੇ ਅਤੇ ਮੁਰਗ਼ੀਆਂ ਜ਼ਿਬਾਹ ਕਰਕੇ ਖਾ ਲਈਆਂ ਜਾਣ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਮੁਬਾਰਕ ਅਹਮਦ ਨਾਲ ਐਨ੍ਹਾ ਪਿਆਰ ਸੀ, ਪਰ ਜੱਦ ਇਹੋ ਪੁਤੱਰ ਫ਼ੌਤ ਹੋ ਗਿਆ ਜਿਸ ਦੀ ਦੇਖਭਾਲ ਆਪ ਨੇ ਕੀਤੀ, ਜਿਸ ਨੂੰ ਆਪ ਨੇ ਐਨ੍ਹਾ ਪਿਆਰ ਕੀਤਾ ਲਾਡ ਕੀਤਾ, ਉਸ ਸਮੇਂ ਦੇ ਹਾਲਾਤ ਦਾ ਚਿਤੱਰ ਹਜ਼ਰਤ ਮੁਸਲਿਹ ਮਊਦ ਰਜ਼ੀ ਅਲਾਹ ਅਨਹੁ ਨੇ ਵੱਖ ਵੱਖ ਥਾਵਾਂ ਉਪੱਰ ਖਿੱਚਿਆ ਹੈ ਕਿ ਕੀ ਅਵਸਥਾ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਹੁੰਦੀ ਸੀ । ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮਊਦ ਐਲੈਹਿ ਸਲਾਮ ਨੇ ਐਨੇ੍ਹ ਧਿਆਨ ਤੇ ਤਵਜੁੱਹ ਨਾਲ ਇਲਾਜ ਤੇ ਦੇਖਭਾਲ ਕੀਤੀ ਕਿ ਲੋਕ ਸਮਝਦੇ ਸਨ ਕਿ ਜੇਕਰ ਮੁਬਾਰਕ ਅਹਮਦ ਫ਼ੌਤ ਹੋ ਗਿਆ ਤਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਸਖ਼ਤ ਦੁੱਖ ਪਹੁੰਚੇ ਗਾ । ਹਜ਼ਰਤ ਖ਼ਲੀਫ਼ਾ ਅਵੱਲ ਬਹੁਤ ਹੌਂਸਲੇ ਵਾਲੇ ਤੇ ਬਹਾਦੁਰ ਮਨੁੱਖ ਸਨ । ਜਿਸ ਦਿਨ ਮੁਬਾਰਕ ਅਹਮਦ ਫ਼ੌਤ ਹੋ ਗਏ ਉਸ ਦਿਨ ਸਵੇਰੇ ਦੀ ਨਮਾਜ਼ ਪੜ੍ਹਾਕੇ ਆਪ ਮੁਬਾਰਕ ਅਹਮਦ ਨੂੰ ਦੇਖਣ ਲਈ ਆਏ । ਮੇਰੇ ਸੁਪੁਰਦ ਉਸ ਸਮੇਂ ਮੁਬਾਰਕ ਅਹਮਦ ਨੂੰ ਦਵਾਈਆਂ ਦੇਣ ਦਾ ਅਤੇ ਉਸ ਦੀ ਨਿਗਰਾਨੀ ਆਦਿ ਦਾ ਕੰਮ ਸੀ। ਮੈਂ ਹੀ ਨਮਾਜ਼ ਦੇ ਬਾਦ ਹਜ਼ਰਤ ਖ਼ਲੀਫ਼ਾ ਅਵੱਲ ਨੂੰ ਆਪਣੇ ਨਾਲ ਲੈਕੇ ਆਇਆ ਸੀ । ਮੈਂ ਸੀ ਹਜ਼ਰਤ ਖ਼ਲੀਫ਼ਾ ਅਵੱਲ ਸਨ, ਡਾ. ਮਿਰਜ਼ਾ ਯਾਕੂਬ ਬੇਗ ਸਨ ਅਤੇ ਸ਼ਾਇਦ ਡਾ. ਖਲੀਫ਼ਾ ਰਸ਼ੀਦੁੱਦੀਨ ਸਾਹਬ ਵੀ ਸਨ । ਜੱਦ ਹਜ਼ਰਤ ਖ਼ਲੀਫ਼ਾ ਅਵੱਲ ਮੁਬਾਰਕ ਅਹਮਦ ਨੂੰ ਦੇਖਣ ਲਈ ਪਹੁੰਚੇ ਤਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਹਾਲਤ ਚੰਗੀ ਮਾਲੂਮ ਹੁੰਦੀ ਹੈ ਬੱਚਾ ਸੌਂ ਗਿਆ ਹੈ ਪਰ ਵਾਸਤਵ ਵਿੱਚ ਉਹ ਅੰਤਮ ਸਮਾਂ ਸੀ । ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਜੱਦ ਮੈਂ ਹਜ਼ਰਤ ਖ਼ਲੀਫ਼ਾ ਅਵੱਲ ਨੂੰ ਲੈਕੇ ਆਇਆ ਉਸ ਸਮੇਂ ਮੁਬਾਰਕ ਅਹਮਦ ਦਾ ਸਿਰ ਉੱਤਰ ਵੱਲ ਤੇ ਪੈਰ੍ਹ ਪਛੱਮ ਵੱਲ ਸਨ । ਹਜ਼ਰਤ ਖ਼ਲੀਫ਼ਾ ਅਵੱਲ ਖੱਬੇ ਪਾਸੇ ਖੜੇ ਹੋਏ ਅਤੇ ਉਹਨਾਂ ਨੇ ਨਬਜ਼ ਉਪੱਰ ਹੱਥ ਰੱਖਿਆ ਪਰ ਨਬਜ਼ ਅਨੁਭਵ ਨ ਹੋਈ । ਇਸ'ਤੇ ਆਪ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਕਿਹਾ ਹਜ਼ੂਰ ਮੁਸ਼ਕ (ਕਸਤੂਰੀ) ਲਿਆਉਣ ਅਤੇ ਆਪ ਅਰਕਾਂ ਨੇੜੇ ਹੱਥ ਰੱਖ ਕੇ ਨਬਜ਼ ਅਨੁਭਵ ਕਰਨ ਦਾ ਜਤਨ ਕੀਤਾ ਕਿ ਸੰਭਵਤਾ ਨਬਜ਼ ਹੁੰਦੀ ਤਾਂ ਓਥੇ ਅਨੁਭਵ ਹੁੰਦੀ, ਪਰ ਓਥੇ ਵੀ ਨਬਜ਼ ਅਨੁਭਵ ਨ ਹੋਈ ਤਾਂ ਆਪ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਕਿਹਾ ਹਜ਼ੂਰ ਛੇਤੀ ਮੁਸ਼ਕ ਲਿਆਉਣ । ਇਸ ਸਮੇਂ ਦੌਰਾਨ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਚਾਬੀਆਂ ਦੇ ਗੁੱਛੇ ਵਿੱਚੋਂ ਕੁੰਜੀ ਭਾਲਕੇ ਟਰੰਕ ਦਾ ਤਾਲਾ ਖੋਲ ਰਹੇ

ਸਨ । ਜੱਦ ਅੰਤਮ ਵਾਰ ਮੌਲਵੀ ਸਾਹਬ ਨੇ ਘਬਰਾ ਕੇ ਕਿਹਾ ਕਿ ਹਜ਼ੂਰ ਮੁਸ਼ਕ ਛੇਤੀ ਲਿਆਉਣ ਅਤੇ ਇਸ ਵਿਚਾਰ ਨਾਲ ਕਿ ਮੁਬਾਰਕ ਅਹਮਦ ਦੀ ਵਫ਼ਾਤ ਨਾਲ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਸਖ਼ਤ ਦੁੱਖ ਪਹੁੰਚੇਗਾ ਦਲੇਰ ਹੁੰਦਿਆਂ ਹੋਇਆਂ ਵੀ ਹਜ਼ਰਤ ਖ਼ਲੀਫ਼ਾ ਅਵੱਲ ਦੇ ਪੈਰ੍ਹ ਕੰਬ ਗਏ ਅਤੇ ਹਜ਼ਰਤ ਖ਼ਲੀਫ਼ਾ ਅਵੱਲ ਖੜੇ ਨ ਰਹਿ ਸਕੇ ਅਤੇ ਧਰਤੀ ਉਪੱਰ ਬੈਠ ਗਏ। ਉਹਨਾਂ ਦਾ ਵਿਚਾਰ ਸੀ ਕਿ ਸ਼ਾਇਦ ਦਿਲ ਦੇ ਨੇੜੇ ਨਬਜ਼ ਚਲ ਰਹੀ ਹੋਵੇ ਅਤੇ ਮੁਸ਼ਕ ਨਾਲ ਦਿਲ ਦੀ ਤਾਕਤ ਨੂੰ ਬਹਾਲ ਕੀਤਾ ਜਾ ਸਕਦਾ ਹੋਵੇ ਪਰ ਉਨਹਾਂ ਦੀ ਅਵਾਜ਼ ਨਾਲ ਮਲੂਮ ਹੁੰਦਾ ਸੀ ਕਿ ਇਹ ਆਸ ਵੀ ਨਹੀਂ ਸੀ । ਜੱਦ ਹਜ਼ਰਤ ਮਸੀਹ ਮਊਦ ਅਲਹਿ ਸਲਾਮ ਨੇ ਆਪਦੀ ਅਵਾਜ਼ ਦੀ ਬਣਤਰ ਨੂੰ ਦੇਖਿਆ ਤਾਂ ਆਪ ਸਮਝ ਗਏ ਕਿ ਮੁਬਾਰਕ ਅਹਮਦ ਦਾ ਇਹ ਅੰਤਮ ਸਮਾਂ ਹੈ ਅਤੇ ਆਪ ਨੇ ਟਰੰਕ ਖੋਲ੍ਹਣਾ ਬੰਦ ਕਰ ਦਿੱਤਾ ਅਤੇ ਫ਼ਰਮਾਇਆ ਕਿ ਮੌਲਵੀ ਸਾਹਬ ਸ਼ਾਇਦ ਲੜਕਾ ਫ਼ੌਤ ਹੋ ਗਿਆ ਹੈ । ਆਪ ਐਨੇ੍ਹ ਘਬਰਾ ਕਿਉਂ ਗਏ ਹਨ ਰੱਬ ਦੀ ਇਕ ਅਮਾਨਤ ਸੀ ਜੋ ਉਸਨੇ ਸਾਨੂੰ ਦਿੱਤੀ ਸੀ ਹੁਣ ਉਹ ਆਪਣੀ ਅਮਾਨਤ ਲੈ ਗਿਆ ਤਾਂ ਸਨੂੰ ਇਸ'ਤੇ ਕੀ ਸ਼ਿਕਾਇਤ ਹੋ ਸਕਦੀ ਹੈ । ਅਸੀਂ ਰੱਬ ਦੀ ਰਜ਼ਾ ਉਪੱਰ ਪੂਰੀ ਤਰ੍ਹਾਂ ਰਾਜ਼ੀ ਹਾਂ । ਸੋ, ਉਸੇ ਸਮੇਂ ਆਪ ਨੇ ਬੈਠ ਕੇ ਮਿਤੱਰਾਂ ਨੂੰ ਪਤੱਰ ਲਿਖੱਣੇ ਅਰੰਭ ਕਰ ਦਿੱਤੇ ।

ਫਿਰ ਹਜ਼ਰਤ ਮੁਸਲਿਹ ਮਊਦ ਇਕ ਹੋਰ ਥਾਂ ਇਸੇ ਬਾਰੇ ਫ਼ਰਮਾਉਂਦੇ ਹਨ ਕਿ ਕਾਦੀਆਂ ਦੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿ ਏਥੋਂ ਦੇ ਰਹਿਣ ਵਾਲੇ ਲੋਕਾਂ ਨੇ ਦੇਖਿਆ ਹੋਵੇਗਾ ਕਿ ਮੌਲਵੀ ਅਬਦੁਲ ਕਰੀਮ ਅਤੇ ਮੁਬਾਰਕ ਅਹਮਦ ਦੀ ਬਿਮਾਰੀ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਇਲਾਜ ਮੁਆਲਜੇ ਦਾ ਕਿੰਨ੍ਹਾ ਖ਼ਿਆਲ ਸੀ । ਦੇਖਣ ਵਾਲਿਆਂ ਨੂੰ ਅਜਿਹਾ ਮਲੂਮ ਹੁੰਦਾ ਕਿ ਸੰਭਵਤਾ ਆਪ ਆਪਣੇ ਸਿਲਸਿਲੇ ਦੀ ਤਰੱਕੀ ਇਹਨਾਂ ਦੇ ਹੀ ਸਿਰ ਸਮਝਦੇ ਹਨ ਸਨ । ਇਹਨਾਂ ਦਿਨਾਂ ਵਿੱਚ ਇਸ ਤੋਂ ਬਿਨਾ ਹੋਰ ਕੋਈ ਚਰਚਾ ਨਹੀਂ ਹੁੰਦੀ ਸੀ ਕਿ ਕਿਵੇਂ ਇਲਾਜ ਹੋਵੇ ਅਤੇ ਕੀ ਇਲਾਜ ਕੀਤਾ ਜਾਵੇ ਪਰ ਇਹਨਾਂ ਦੀ ਵਫ਼ਾਤ ਦੇ ਸਮੇਂ ਕੀ ਹੋਇਆ ਇਹੋ ਕਿ ਇਕ ਹੀ ਵਾਰ ਵਿੱਚ ਆਪ ਦੀ ਅਜਿਹੀ ਹਲਾਤ ਬਦਲ ਗਈ ਕਿ ਹੈਰਾਨੀ ਜਿਹੀ ਹੋ ਗਈ। ਜਾਂ ਤਾਂ ਐਨ੍ਹਾ ਜੋਸ਼ ਕਿ ਸਵੇਰ ਤੋਂ ਸ਼ਾਮ ਤੱਕ ਇਹਨਾਂ ਦੇ ਇਲਾਜ ਬਾਰੇ ਹੀ ਚਰਚਾ ਹੈ । ਮੌਲਵੀ ਅਬਦੁਲ ਕਰੀਮ ਸਾਹਬ ਦਾ ਸਮਾਂ ਆਇਆ ਸੀ ਉਸ ਸਮੇਂ ਵੀ ਅਤੇ ਪਿਆਰੇ ਮੁਬਾਰਕ ਅਹਮਦ ਦਾ ਸਮਾਂ ਆਇਆ ਉਸ ਸਮੇਂ ਵੀ ਜਾਂ ਆਪ ਇਸ ਗੱਲ ਨੂੰ ਹੱਸਕੇ ਅਤੇ ਅਤਿਅੰਤ ਖਿੜੇ ਚਿਹਰੇ ਵਿੱਚ ਭਾਸ਼ਣ ਦੇ ਰਹੇ ਹਨ ਕਿ ਇਹਨਾਂ ਦੀ ਵਫ਼ਾਤ ਬਾਰੇ ਰੱਬ ਨੇ ਪਹਿਲਾਂ ਹੀ ਦੱਸ ਦਿੱਤਾ ਸੀ ।

ਫਿਰ ਆਫ ਨੇ ਇਸ ਘਟਨਾ ਦੀ ਇਕ ਥਾਂ ਇਉਂ ਵੀ ਚਰਚਰਾ ਕੀਤੀ ਹੈ ਕਿ ਮੁਬਾਰਕ ਅਹਮਦ ਦੀ ਵਫ਼ਾਤ ਦੇ ਬਾਦ ਜੱਦ ਆਪ ਘਰੋਂ ਬਾਹਰ ਆਏ ਤਾਂ ਬਾਹਰ ਲੋਕ ਸਨ । ਬਾਹਰ ਜਾਣ ਦੇ ਬਾਦ ਲੋਕਾਂ ਵਿੱਚ ਬੈਠਦਿਆਂ ਹੀ ਤਕਰੀਰ ਕੀਤੀ, ਉਸ ਵਿੱਚ ਫ਼ਰਮਾਇਆ ਕਿ ਇਹ ਰੱਬ ਵੱਲੋਂ ਪ੍ਰੀਖਿਆ ਹੈ ਅਤੇ ਸਾਡੀ ਜਮਾਤ ਨੂੰ ਇਸ ਪ੍ਰਕਾਰ ਦੀਆਂ ਪ੍ਰੀਖਿਆਵਾਂ'ਤੇ ਦੁੱਖ ਨਹੀਂ ਕਰਨਾ ਚਾਹੀਦਾ । ਫਿਰ ਫ਼ਰਮਾਇਆ ਮੁਬਾਰਕ ਅਹਮਦ ਬਾਰੇ ਫ਼ਲਾਨੇ ਸਮੇਂ ਮੈਨੂੰ ਇਲਹਾਮ ਹੋਇਆ ਸੀ ਕਿ ਇਹ ਛੋਟੀ ਉਮਰ ਵਿੱਚ ਚੁੱਕ ਲਿਆ ਜਾਵੇਗਾ ਇਸ ਲਈ ਇਹ ਖ਼ੁਸ਼ੀ ਦਾ ਸਬਬ ਹੈ ਕਿ ਰੱਬ ਦਾ ਨਿਸ਼ਾਨ ਪੂਰਾ ਹੋਇਆ । ਸੋ, ਇਹ ਘਟਨਾਵਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਜੀਵਨ ਦੇ ਕਈ ਇਕ ਪੱਖਾਂ ਨੂੰ ਉਜਾਗਰ ਕਰਦੀਆਂ ਹਨ । ਬੱਚੇ ਦੀ ਸੇਵਾ ਉਸ ਦੇ ਇਲਾਜ ਦੀ ਚਿੰਤਾ ਆਪਣੇ ਨੇੜਤਾ ਰੱਖਣ ਵਾਲੇ ਸਾਥੀ ਦੀ ਚਿੰਤਾ ਉਸ ਦੇ ਇਲਾਜ ਵੱਲ ਧਿਆਨ ਫਿਰ ਨਿਸ਼ਾਨ ਪੂਰੇ ਹੋਣ'ਤੇ ਖ਼ੁਸ਼ੀ ਦਾ ਪ੍ਰਗਟਾਵਾ ਅਤੇ ਜੱਦ ਤਕਦੀਰ ਗ਼ਾਲਬ ਆ ਗਈ ਤਾਂ ਫਿਰ ਅਜਿਹਾ ਇਜ਼ਹਾਰ ਕਿ ਜਿਵੇਂ ਕੁਝ ਹੋਇਆ ਹੀ ਨਹੀਂ । ਜਮਾਤ ਦੇ ਲੋਕਾਂ ਨੂੰ ਰੱਬ ਵੱਲ ਧਿਆਨ ਅਤੇ ਉਚੱਤਮ ਉੱਦੇਸ਼ਿਆਂ ਦੀ ਪ੍ਰਾਪਤੀ ਲਈ ਭਰਪੂਰ ਜਤਨ ਕਰਨ ਦੀ ਤਲਕੀਨ ਕਿ ਅਸਲ ਉਦੇਸ਼ ਰੱਬ ਦੀ ਰਜ਼ਾ ਹੈ ਅਤੇ ਉਸ ਦੀ ਖ਼ੁਸ਼ੀ ਹਾਸਲ ਕਰਨਾ ਹੈ ਅਤੇ ਜੋ ਉਸ ਨੇ ਖ਼ਬਰਾਂ ਦਿੱਤੀਆਂ ਹਨ ਉਹਨਾਂ ਦੇ ਪੂਰਾ ਹੋਣ'ਤੇ ਜਿੱਥੇ ਇਕ ਪਾਸੇ ਸ਼ਾਂਤੀ ਹੈ ਓਥੇ ਦੂਜੇ ਪਾਸੇ ਮਾਨਵਤਾ ਦੀ ਸੇਵਾ ਦੀ ਲੋੜ ਹੈ ਓਥੇ ਪੂਰੀ ਸ਼ਕਤੀ ਤੇ ਪੂਰੇ ਧਿਆਨ ਨਾਲ ਸੇਵਾ ਵੀ ਕਰਨੀ ਹੈ ।

ਫਿਰ ਹਜ਼ਰਤ ਮੁਸਲਿਹ ਮਊਦ ਇਕ ਘਟਨਾ ਵਰਨਣ ਕਰਦੇ ਹਨ ਜਿਸ ਦਾ ਸੰਬੰਧ ਇਹ ਹੈ ਕਿ ਮਖ਼ਲੂਕ ਦੀ ਸ਼ਰੀਰਕ ਸੇਵਾ ਵੀ ਕਰਨੀ ਚਾਹੀਦੀ ਹੈ ਕਿ ਰੱਬ ਦੀ ਖ਼ੁਦਾਈ ਤੇ ਦਬਦਬੇ ਦਾ ਪ੍ਰਕਟਨ ਹੋ ਸਕੇ । ਫ਼ਰਮਾਉਂਦੇ ਹਨ ਕਿ ਮੈਂਨੂੰ ਇਕ ਦ੍ਰਿਸ਼ ਕਦੇ ਨਹੀਂ ਭੁਲਦਾ, ਮੈਂ ਉਸ ਸਮੇਂ ਛੋਟਾ ਸੀ, ਸੋਲ੍ਹਾਂ ਸਤਾਰ੍ਹਾਂ ਸਾਲ ਉਮਰ ਸੀ ਕਿ ਉਸ ਸਮੇਂ ਸਾਡੀ ਇਕ ਛੋਟੀ ਭੈਣ ਜੋ ਕੁਝ ਮਹੀਨਿਆਂ ਦੀ ਸੀ ਫ਼ੌਤ ਹੋ ਗਈ । ਜਨਾਜ਼ੇ ਦੇ ਬਾਦ ਲੋਥ ਹਜ਼ਰਤ ਮਸੀਹ ਮਊਦ ਅਅਲੈਹਿ ਸਲਾਮ ਨੇ ਆਪਣੇ ਹੱਥਾ ਵਿੱਚ ਚੁੱਕ ਲਈ । ਉਸ ਸਮੇਂ ਮਿਰਜ਼ਾ ਇਸਮਾਈਲ ਬੇਗ ਸਾਹਬ ਅੱਗੇ ਵਧੇ ਅਤੇ ਕਹਿਣ ਲੱਗੇ ਹਜ਼ੂਰ ਲੋਥ ਮੈਂਨੂੰ ਦੇ ਦਿਓ ਮੈਂ ਚੁੱਕ ਲੈਂਦਾ ਹਾਂ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮਨੇ ਮੁੜਕੇ ਦੇਖਿਆ ਅਤੇ ਫ਼ਰਮਾਇਆ ਕਿ ਇਹ ਮੇਰੀ ਬੇਟੀ ਹੈ ਅਰਥਾਤ ਬੇਟੀ ਹੋਣ ਦੇ ਪੱਖੋਂ ਉਸ ਦੀ ਇਕ ਸ਼ਰੀਰਕ ਸੇਵਾ ਜੋ ਕਿ ਉਸ ਦੀ ਅੰਤਮ ਸੇਵਾ ਹੈ ਇਹੋ ਹੋ ਸਕਦੀ ਹੈ ਕਿ ਮੈਂ ਆਪ ਉਸਨੂੰ ਚੁੱਕ ਕੇ ਲੈ ਜਾਵਾਂ । ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਇਸ ਤੋਂ ਇਹ ਸਿੱਟ ਕਢੱਦੇ ਹਨ ਕਿ ਸਾਰਿਆਂ ਜਹਾਨਾਂ ਦੇ ਰੱਬ ਦਾ ਮਜ਼ਹਰ ਬਨਣਾ ਚਾਹੁੰਦੇ ਹੋ ਤਾਂ ਤੁਹਾਡੇ ਲਈ ਵੀ ਜ਼ਰੂਰੀ ਹੈ ਕਿ ਮਖ਼ਲੂਕ ਦੀ ਸ਼ਰੀਰਕ ਸੇਵਾ ਕਰੋ । ਜੇਕਰ ਤੁਸੀਂ ਧਰਮ ਦੀ ਸੇਵਾ ਵਿੱਚ ਆਪਣੀਆਂ ਸਾਰੀਆਂ ਜਾਇਦਾਦਾਂ ਦੇ ਦਿੰਦੇ ਹੋ ਆਪਣੀ ਸਾਰੀ ਆਮਦਨ ਇਸਲਾਮ ਦੇ ਪ੍ਰਚਾਰ ਲਈ ਖਰਚ ਕਰ ਦਿੰਦੇ ਹੋ ਤਾਂ ਤੁਸੀਂ ਮਾਲਕੀ ਦੇ ਮਜ਼ਹਰ ਤਾਂ ਬਣ ਜਾਓਗੇ ਜਾਂ ਜਾਇਦਾਦ ਦੇ ਮਜ਼ਹਰ ਬਣ ਜਾਓਗੇ ਪਰ ਰੱਬੁਲ ਆਲਾਮੀਨ ਦੇ ਮਜ਼ਹਰ ਨਹੀਂ ਬਣੋਗੇ ਕਿਉਂਕਿ ਰੱਬੁਲ ਆਲਾਮੀਨ ਦਾ ਮਜ਼ਹਰ ਬਨਣ ਲਈ ਜ਼ਰੂਰੀ ਹੈ ਕਿ ਤੁਸੀਂ ਆਪਣੀ ਹੱਥੀਂ ਕੰਮ ਕਰੋ ਅਤੇ ਗ਼ਰੀਬਾਂ ਦੀ ਸਹਾਇਤਾ ਲਈ ਹਰ ਸਮੇਂ ਤਿਆਰ ਬਰ ਤਿਆਰ ਰਹੋ । ਸੋ, ਇਹ ਸੁੰਦਰ ਵਿਸਥਾਰ ਹੈ ਰਬੁੱਲ ਆਲਾਮੀਨ ਦਾ ਮਜ਼ਹਰ ਬਨਣ ਲਈ ਕਿ ਆਪਣੇ ਹੱਥੀਂ ਨ ਕੇਵਲ ਆਪਣਿਆਂ ਦਾ ਕੰਮ ਕਰਨਾ ਹੈ ਸਗੋਂ ਹੋਰਨਾ ਦੀ ਵੀ ਸੇਵਾ ਕਰਨੀ ਹੈ । ਜੇਕਰ ਗ਼ੌਰ ਕਰੀਏ ਤਾਂ ਇਸ ਦੇ ਬਹੁਤ ਮਹਾਨ ਸਿੱਟੇ ਹਨ ਜੋ ਕੌਮ ਨੂੰ ਆਪੋ ਵਿੱਚ ਮਜ਼ਬੂਤੀ ਨਾਲ ਜੋੜ ਦਿੰਦੇ ਹਨ ਇਕ ਦੂਜੇ ਦੀ ਸੇਵਾ ਕਰਨ ਨਾਲ ਅਤੇ ਸਮਾਜ ਦਾ ਹਰ ਭਾਗ ਇਸ'ਤੇ ਅਮਲ ਕਰੇ ਤਾਂ ਇਕ ਖ਼ੁਸ਼ਗਵਾਰ ਵਾਤਾਵਰਣ ਬਣ ਜਾਂਦਾ ਹੈ ।

ਫਿਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਵਿਸ਼ਵਾਸ, ਦੁਆ ਦੀ ਪਰਵਾਨਗੀ ਅਤੇ ਆਪਣੀ ਸਚੱਾਈ ਉਪੱਰ ਕਾਮਲ ਯਕੀਨ ਹੋਣ ਦੀ ਇਕ ਘਟਨਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮਊਦ ਨੇ ਫ਼ਰਮਾਇਆ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਇਕ ਵਾਰ ਕਪੂਰਥਲੇ ਦੇ ਅਹਮਦੀਆਂ ਅਤੇ ਗ਼ੈਰ ਅਹਮਦੀਆਂ ਵਿੱਚ ਇਕ ਮਸਜਿਦ ਬਾਰੇ ਮੁਕਦੱਮਾ ਹੋ ਗਿਆ । ਜਿਸ ਜੱਜ ਕੋਲ ਇਹ ਮੁਕਦੱਮਾ ਸੀ ਉਸ ਨੇ ਵਿਰੋਧੀ ਰਵਈਆ ਧਾਰਣ ਕਰਨਾ ਸ਼ੁਰੂ ਕਰ ਦਿੱਤਾ ਇਸ'ਤੇ ਕਪੂਰਥਲੇ ਦੀ ਜਮਾਤ ਨੇ ਘਬਰਾਕੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਦੁਆ ਲਈ ਲਿੱਖਿਆ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਸ ਦੇ ਉਤੱਰ ਵਿੱਚ ਉਹਨਾਂ ਨੂੰ ਲਿੱਖਿਆ ਕਿ ਜੇਕਰ ਮੈਂ ਸਚੱਾ ਹਾਂ ਤਾਂ ਮਸਜਿਦ ਤੁਹਾਨੂੰ ਮਿਲ ਜਾਏਗੀ ਪਰ ਦੂਜੇ ਪਾਸੇ ਜੱਜ ਨੇ ਮੁਖ਼ਾਲਫ਼ਤ ਨਿਰੰਤਰ ਜਾਰੀ ਰੱਖੀ ਅਤੇ ਅਖੀਰ ਉਸ ਨੇ ਅਹਮਦੀਆਂ ਦੇ ਵਿਰੁਧ ਫ਼ੈਸਲਾ ਲਿੱਖ ਦਿੱਤਾ ਪਰ ਜੱਦ ਦੂਜੇ ਦਿਨ ਜੱਦ ਉਹ ਫ਼ੈਸਲਾ ਸੁਨਾਉਣ ਲਈ ਅਦਾਲਤ ਵਿੱਚ ਜਾਣ ਦੀ ਤਿਆਰੀ ਕਰਨ ਲੱਗਾ ਤਾਂ ਉਸ ਨੇ ਨੌਕਰ ਨੂੰ ਕਿਹਾ ਕਿ ਮੈਂਨੂੰ ਬੂਟ ਪਹਿਨਾਓ, ਨੌਕਰ ਨੇ ਇਕ ਬੂਟ ਪਾਇਆ ਅਤੇ ਦੂਜਾ ਅਜੇ ਪਾ ਰਿਹਾ ਸੀ ਕਿ ਖੱਟ ਦੀ ਅਵਾਜ਼ ਆਈ, ਉਸ ਨੇ ਉਪੱਰ ਦੇਖਿਆ ਜੱਜ ਦਾ ਹਾਰਟਫ਼ੇਲ ਹੋ ਚੁੱਕਾ ਸੀ । ਉਸ ਦੇ ਮਰਨ ਦੇ ਬਾਦ ਦੂਜਾ ਜੱਜ ਨਿਯੁਕਤ ਕੀਤਾ ਗਿਆ ਅਤੇ ਉਸ ਨੇ ਪਹਿਲੇ ਫ਼ੈਸਲੇ ਨੂੰ ਬਦਲਕੇ ਸਾਡੀ ਜਮਾਤ ਦੇ ਹੱਕ ਵਿੱਚ ਫ਼ੈਸਲਾ ਕਰ ਦਿੱਤਾ ਜੋ ਸਜੱਣਾ ਮਿਤੱਰਾਂ ਲਈ ਇਕ ਬਹੁਤ ਵੱਡਾ ਨਿਸ਼ਾਨ ਸਿੱਧ ਹੋਇਆ ਅਤੇ ਉਹਨਾਂ ਦੇ ਈਮਾਨ ਅਕਾਸ਼ਾਂ ਤੱਕ ਪਹੁੰਚੇ । ਭਾਵ ਇਹ ਕਿ ਰੱਬ ਦੀ ਇਹ ਸੁਨੱਤ ਹੈ ਕਿ ਉਹ ਆਪਣੇ ਨਬੀਆਂ ਰਾਹੀਂ ਨਿਰੰਤਰ ਪ੍ਰੇਰਣਾ ਦੀਆਂ ਖ਼ਬਰਾਂ ਦਿੰਦਾ ਹੈ ਜਿੰਨ੍ਹਾ ਦੇ ਪੂਰਾ ਹੋਣ ਨਾਲ ਮੋਮਨਾਂ ਦੇ ਈਮਾਨ ਹੋਰ ਵੀ ਤਰੱਕੀ ਕਰ ਜਾਂਦੇ ਹਨ । ਇਹ ਗ਼ੈਬ ਦੀਆਂ ਗੱਲਾਂ ਦਾ ਹੀ ਸਿੱਟਾ ਸੀ ਕਿ ਜੋ ਲੋਕ ਹਜਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਉਪੱਰ ਈਮਾਨ ਲਿਆਏ ਉਹਨਾਂ ਦੇ ਮਨ ਐਨ੍ਹੇ ਮਜ਼ਬੂਤ ਹੋ ਗਏ ਕਿ ਹੋਰ ਲੋਕ ਤਾਂ ਮੌਤ ਨੂੰ ਦੇਖ ਕੇ ਰੋਂਦੇ ਹਨ ਪਰ ਸਹਾਬਾ ਕਰਾਮ ਵਿੱਚੋਂ ਕਿਸੇ ਨੂੰ ਜੱਦ ਰੱਬ ਦੇ ਮਾਰਗ ਵਿੱਚ ਜਾਨ ਦੇਣ ਦਾ ਮੌਕਾ ਮਿਲਦਾ ਤਾਂ ਉਹ ਖ਼ੁਸ਼ੀ ਨਾਲ ਨਾਲ ਉਛੱਲ ਪੈਂਦਾ ਅਤੇ ਕਹਿੰਦਾ (فزت ورب الكعبة) ਕਿ ਰੱਬੇ ਕਾਬਾ ਦੀ ਕਸਮ ਮੈਂ ਸਫ਼ਲ ਹੋ ਗਿਆ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਇਕ ਕਸ਼ਫ਼ (ਦਿਵਦ੍ਰਿਸ਼) ਦੇ ਕੁੱਝ ਮਿੰਟਾਂ ਵਿੱਚ ਪੂਰਾ ਹੋਣ ਦੀ ਘਟਨਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਕਦੇ ਬੇਦਾਰੀ (ਹੋਸ਼ ਵਿੱਚ ਜਾਗਦਿਆਂ ਹੋਇਆਂ) ਵਿੱਚ ਦ੍ਰਿਸ਼ ਦਿਖਾਇਆ ਜਾਂਦਾ ਹੈ ਪਰ ਉਹ ਤਾਬੀਰ (ਸੁਵਪੱਨਫ਼ਲ) ਯੋਗ ਨਹੀਂ ਹੁੰਦਾ ਸਗੋਂ ਚੜ੍ਹੇ ਦਿਨ ਵਾਂਗ ਉਸੇ ਰੰਗ ਰੂਪ ਵਿੱਚ ਪ੍ਰਕਟ ਹੋ ਜਾਂਦਾ ਹੈ ਜਿਸ ਰੰਗ ਰੂਪ ਵਿੱਚ ਰੱਬ ਮਨੁੱਖ ਨੂੰ ਨਜ਼ਾਰਾ ਦਿਖਾਉਂਦਾ ਹੈ, ਸੋ, ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕਸ਼ਫ਼ਾਂ ਵਿੱਚ ਅਜਿਹੀਆਂ ਉਧਾਰਣਾ ਵੀ ਮਿਲਦੀਆਂ ਹਨ ।

ਇਕ ਵਾਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਕਸ਼ਫ਼ੀ ਅਵਸਥਾ ਵਿੱਚ ਦੇਖਿਆ ਕਿ ਮੁਬਾਰਕ ਅਹਮਦ ਚਟਾਈ ਕੋਲ ਡਿੱਗਿਆ ਪਿਆ ਹੈ ਅਤੇ ਉਸ ਨੂੰ ਬਹੁਤ ਚੋਟ ਆਈ ਹੈ । ਅਜੇ ਇਸ ਕਸ਼ਫ਼ ਨੂੰ ਦੇਖੇ ਤਿੰਨ ਮਿੰਟ ਤੋਂ ਵੱਧ ਨਹੀਂ ਬੀਤੇ ਸਨ ਕਿ ਮੁਬਾਰਕ ਅਹਮਦ ਜੋ ਚਟਾਈ ਦੇ ਕੋਲ ਖੜਾ ਸੀ ਉਸਦਾ ਪੈਰ੍ਹ ਫਿਸਲ ਗਿਆ ਅਤੇ ਉਸਨੂੰ ਸਖ਼ਤ ਚੋਟ ਆਈ ਅਤੇ ਉਸ ਦੇ ਸਾਰੇ ਕਪੜੇ ਖ਼ੂਨ ਨਾਲ ਭਰ ਗਏ ।

ਫਿਰ ਕਾਦੀਆਂ ਦੀ ਅਰੰਭਕ ਅਵਸਥਾ ਦਾ ਚਿਤੱਰ, ਕਾਦੀਆਂ ਦੀ ਤਰੱਕੀ ਅਤੇ ਜਮਾਤ ਦੀ ਤਰੱਕੀ ਦੀ ਚਰਚਾ ਕਰਦਿਆਂ ਹੋਇਆਂ ਫ਼ਰਮਾਓਉਂਦੇ ਹਨ ਕਿ ਇਕ ਉਹ ਸਮਾਂ ਸੀ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਨਾਲ ਕੋਈ ਆਦਮੀ ਵੀ ਨਹੀਂ ਸੀ, ਫਿਰ ਸਮਾਂ ਆਇਆ ਜੱਦ ਆਪ ਨਾਲ ਹਜ਼ਾਰਾਂ ਹੀ ਲੋਕ ਸਨ ਅਤੇ ਹੁਣ ਤਾਂ ਲੱਖਾਂ ਤੱਕ ਪਹੁੰਚ ਗਏ ਹਨ । ਫਿਰ ਕਿਸੇ ਜੁੱਗ ਵਿੱਚ ਪੰਜਾਬ ਵਿੱਚ ਵੀ ਕੋਈ ਮਨੁੱਖ ਆਪ ਦਾ ਪੈਰੋ੍ ਨਹੀਂ ਸੀ ਅਤੇ ਹੁਣ ਨ ਕੇਵਲ ਭਾਰਤ ਵਿੱਚ ਸਗੋਂ ਸੰਸਾਰ ਦੇ ਸਾਰੇ ਮਹਾਂਦ੍ਵੀਪਾਂ ਵਿੱਚ ਅਹਮਦੀ ਫੈਲ ਗਏ ਹਨ । ਜੇਕਰ ਇਹ ਸੱਚੀ ਗੱਲ ਹੈ ਕਿ ਦੁਨੀਆ ਨਹੀਂ ਮਨ੍ਹਦੀ ਤਾਂ ਫਿਰ ਐਨ੍ਹੇ ਲੋਕ ਕਿੱਥੋਂ ਆ ਗਏ ? ਕਿ ਸਾਨੂੰ ਜਮਾਤ ਅਹਮਦੀਆ ਨੂੰ ਹਜ਼ਰਤ ਮਸੀਹ ਮਊਦ ਨੂੰ ਦੁਨੀਆ ਨਹੀਂ ਮੰਨ੍ਹਦੀ ਤਾਂ ਐਨ੍ਹੇ ਲੋਕ ਕਿੱਥੋਂ ਆ ਗਏ ਅਤੇ ਹੁਣ ਤਾਂ ਰੱਬ ਦੀ ਮਿਹਰ ਨਾਲ ਦੇਸ਼ਾਂ ਦੇ ਦੇਸ਼ ਅਹਮਦੀ ਹੋ ਰਹੇ ਹਨ ਜਾਂ ਓਥੇ ਅਹਮਦੀਅਤ ਫੈਲ ਰਹੀ ਹੈ।

ਸੋ, ਇਹ ਗੱਲਾਂ ਈਮਾਨ ਅਤੇ ਵਿਸ਼ਵਾਸ਼ ਵਿੱਚ ਵਾਧਾ ਕਰਨ ਵਾਲੀਆਂ ਹਨ । ਰੱਬ ਸਾਨੂੰ ਸਾਰਿਆਂ ਨੂੰ ਈਮਾਨ, ਆਸਥਾ ਤੇ ਵਿਸ਼ਵਾਸ ਵਿੱਚ ਵਧਾਉਂਦਾ ਚਲਾ ਜਾਵੇ ਅਤੇ ਅਸੀਂ ਸਾਰੇ ਜਮਾਤ ਲਈ ਲਾਹੇਵੰਦ ਵੁਜੂਦ ਬਣਨ ਵਾਲੇ ਹੋਈਏ ।

ਖ਼ੁਤਬੇ ਦੇ ਅੰਤ ਵਿੱਚ ਹਜ਼ੂਰ ਅਨਵਰ ਨੇ ਮੁਹਤਰਮਾ ਨਸੀਮ ਮਹਮੂਦ ਸਾਹਿਬਾ ਸੁਪੱਤਨੀ ਸਯੱਦ ਮਹਮੂਦ ਅਹਮਦ ਸ਼ਾਹ ਸਾਹਬ ਆਫ਼ ਕਰਾਚੀ ਦੀ ਚਰਚਾ ਕਰਦਿਆਂ ਹੋਇਆਂ ਫ਼ਰਮਾਇਆ ਕਿ ਇਹਨਾਂ ਦੀ 27 ਅਪ੍ਰੈਲ 2015 ਈ. ਨੂੰ 58 ਸਾਲ ਦੀ ਉਮੱਰ ਵਿੱਚ ਕੈਂਸਰ ਦੇ ਸਬਬ ਮੌਤ ਹੋ ਗਈ ਸੀ । ਮਰਹੂਮਾ ਦੇ ਸਦਗੁਣਾ ਅਤੇ ਸੇਵਾਵਾਂ ਦੀ ਚਰਚਾ ਕਰਨ ਦੇ ਬਾਦ ਹਜ਼ੂਰ ਅਨਵਰ ਨੇ ਦੁਆ ਕੀਤੀ ਕਿ ਅੱਲਾਹ ਤਆਲਾ ਮਰਹੂਮਾ ਦੇ ਦਰਜੇ ਬੁਰਲੰਦ ਕਰੇ ਅਤੇ ਉਹਨਾਂ ਦੀ ਸੰਤਾਨ ਨੂੰ ਵੀ ਉਹਨਾਂ ਦੀਆਂ ਨੇਕੀਆਂ ਜਾਰੀ ਰੱਖਣ ਦੇ ਸੰਜੋਗ ਪ੍ਰਦਾਨ ਕਰੇ ਅਤੇ ਉਹਨਾਂ ਦੀਆਂ ਦੁਆਵਾਂ ਦਾ ਵਾਰਸ ਬਣਾਏ ।

**Khulasa Khutba 01.05.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131